ਜਨਵਰੀ-ਅਪ੍ਰੈਲ 2025 ISSN:2584-0509

ਜਿਲਦ-3
ਅੰਕ-1

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਅੰਤਰ-ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ

**ਸਾਹਿਤਕ ਅਤੇ ਖੋਜ ਜਰਨਲ**

**(ISSN: 2584-0509)**

# ਖੋਜਨਾਮਾ

## ਜਿਲਦ-3

**ਅੰਕ-1 (ਜਨਵਰੀ-ਅਪ੍ਰੈਲ 2025)**

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

ਤਕਨੀਕੀ ਸਹਿਯੋਗ

ਪ੍ਰਦੀਪ ਸਿੰਘ

ਕੁਲਵਿੰਦਰ ਸਿੰਘ

# ਸੰਪਾਦਕੀ ਬੋਰਡ



**ਪ੍ਰੋ. ਨਾਬਿਲਾ ਰਹਿਮਾਨ**
ਸਾਬਕਾ ਵਾਇਸ ਚਾਂਸਲਰ, ਯੂਨੀਵਰਸਿਟੀ
ਆਫ ਝੰਗ ਅਤੇ ਡਾਇਰੈਕਟਰ,
ਇੰਸਟੀਚਿਊਟ ਆਫ ਪੰਜਾਬੀ ਐਂਡ
ਕਲਚਰਲ ਸਟੱਡੀ, ਯੂਨੀਵਰਸਿਟੀ ਆਫ
ਪੰਜਾਬ, ਲਾਹੌਰ, ਪਾਕਿਸਤਾਨ।



**ਰਵਿੰਦਰ ਰਵੀ**

ਪ੍ਰਸਿੱਧ ਪੰਜਾਬੀ ਬਹੁ-ਵਿਧਾਈ ਲੇਖਕ,
ਕੈਨੇਡਾ।



**ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ**
ਸਾਬਕਾ ਪ੍ਰੋਫ਼ੈਸਰ ਪੰਜਾਬੀ ਵਿਭਾਗ
ਅਤੇ ਡੀਨ ਭਾਸ਼ਾਵਾਂ,
ਪੰਜਾਬੀ ਯੂਨੀਵਰਸਿਟੀ
ਪਟਿਆਲਾ,ਪੰਜਾਬ, ਭਾਰਤ।



**ਸਾਬਰ ਅਲੀ ਸਾਬਰ**

ਪ੍ਰਸਿੱਧ ਪੰਜਾਬੀ ਸ਼ਾਇਰ
ਪਾਕਿਸਤਾਨ।



**ਪ੍ਰੋ. ਕੁਲਵੀਰ ਗੋਜਰਾ**

ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ।



**ਡਾ. ਸਿਕੰਦਰ ਸਿੰਘ**

ਮੁਖੀ, ਪੰਜਾਬੀ ਵਿਭਾਗ
ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ
ਫਤਿਹਗੜ੍ਹ ਸਹਿਬ, ਪੰਜਾਬ, ਭਾਰਤ।



**ਡਾ. ਸੰਦੀਪ ਸਿੰਘ**

ਮੁਖੀ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸੋਮੀ ਰਾਮ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ
ਤਲਵੰਡੀ ਸਾਬੋ, ਪੰਜਾਬ, ਭਾਰਤ



**ਡਾ. ਸਟਾਲਿਨਜੀਤ ਸਿੰਘ ਬਰਾੜ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਬਾਬਾ ਫ਼ਰੀਦ ਕਾਲਜ
ਬਠਿੰਡਾ, ਪੰਜਾਬ, ਭਾਰਤ

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥

ਭਗਤ ਪੀਪਾ ਜੀ

© ਸਾਰੇ ਹੱਕ ਸੰਪਾਦਕ 'ਖੋਜਨਾਮਾ' ਕੋਲ ਰਾਖਵੇਂ ਹਨ।

ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।

ਅਦਾਰਾ 'ਖੋਜਨਾਮਾ' ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

**ਕੀਮਤ:-** ਤੁਹਾਡਾ ਸਹਿਯੋਗ, ਦੁਆਵਾਂ ਅਤੇ ਸੁਝਾਅ

**www.khojnama.com**
**Khojnamapb03@gmail.com**
**+91 98776-61770**

ਕਿਸੇ ਵੀ ਕਿਸਮ ਦਾ ਵਾਦ-ਵਿਵਾਦ ਸਿਰਫ਼ ਮਾਣਯੋਗ ਜ਼ਿਲ੍ਹਾ ਅਦਾਲਤ ਬਠਿੰਡਾ, ਪੰਜਾਬ (ਭਾਰਤ) ਵਿਖੇ ਹੀ ਵਿਚਾਰਣਯੋਗ ਹੋਵੇਗਾ।

# ਤਤਕਰਾ


| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| ❖ | ਸੰਪਾਦਕੀ | ਡਾ. ਜਸਵਿੰਦਰ ਸਿੰਘ ਬਰਾੜ | i-iii |
| | ਖੋਜ-ਪੱਤਰ | | |
| 1. | ਵਣਜਾਰਾ ਬੇਦੀ ਰਚਿਤ ਵਿਸ਼ਵਕੋਸ਼ ਦੀ ਨਿਰਮਾਣਕਾਰੀ | ਡਾ. ਮੋਹਨ ਸਿੰਘ ਤਿਆਗੀ | 1-14 |
| 2. | ਪ੍ਰਭਜੋਤ ਕੌਰ ਦੀ ਵਾਰਤਕ ਦਾ ਕਲਾਤਮਿਕ ਸੁਹਜ | ਡਾ. ਗੁਰਸੇਵਕ ਸਿੰਘ ਲੰਬੀ | 15-26 |
| 3. | ਸ੍ਰੀ ਗੁਰੂ ਰਾਮਦਾਸ ਜੀ ਰਚਿਤ‘ ਗਉੜੀ ਕੀ ਵਾਰ :’ਪਉੜੀਆਂ ਦੀ ਆਪਸੀ ਸਬੰਧਾਤਮਕਤਾ | ਡਾ. ਰਾਜਨਦੀਪ ਕੌਰ | 27-38 |
| 4. | ਗੁਸਤਾਖ਼ ਹਵਾ : ਸੁਰਤਿ ਤੇ ਸ਼ਬਦ ਦਾ ਆਤਮ ਸੰਵਾਦ | ਪ੍ਰੋ. ਜਸਪਾਲ ਕੌਰ | 39-49 |
| 5. | ਰਣਧੀਰ ਰਚਿਤ ਕਾਵਿ ਸੰਗ੍ਰਹਿ ‘ਖ਼ਤ ...ਜੋ ਲਿਖਣੋਂ ਰਹਿ ਗਏ’ ਵਿਚ ਮਨੁੱਖੀ ਪਛਾਣ ਦੀ ਦਵੰਦਾਤਮਕ ਸਥਿਤੀ | ਡਾ. ਸਿਮਰਨਜੀਤ ਸਿੰਘ | 50-64 |
| 6. | ਪੰਜਾਬੀ ਲੋਕ ਗੀਤਾਂ ਦੀ ਡਿਜ਼ੀਟਾਈਜੇਸ਼ਨ: ਲੋੜ ਅਤੇ ਮਹੱਤਵ | ਡਾ. ਜਸਵਿੰਦਰ ਸਿੰਘ<br>ਡਾ. ਸਟਾਲਿਨਜੀਤ ਸਿੰਘ | 65-72 |
| 7. | ਲੋਕ-ਕਾਵਿ ਰੂਪ ਸਿੱਠਣੀ ਵਿੱਚ ਹਾਸ਼ੀਆਕ੍ਰਿਤ ਧਿਰਾਂ ਦੇ ਬਿੰਬ ਦੀ ਨਿਰਮਾਣਕਾਰੀ | ਲਖਵੀਰ ਸਿੰਘ | 73-87 |
| 8. | ਵਨੀਤਾ ਕਾਵਿ: ਨਾਬਰੀ ਦਾ ਪ੍ਰਵਚਨ | ਵੀਰਪਾਲ ਕੌਰ | 88-94 |
| 9. | ਗੁਰਸ਼ਰਨ ਸਿੰਘ ਦੀਆਂ ਰੰਗਮੰਚੀ ਜੁਗਤਾਂ | ਹਰਵਿੰਦਰ ਸਿੰਘ | 95-102 |
| 10. | ਕਵੀਸ਼ਰ ਜੋਗਾ ਸਿੰਘ ਜੋਗੀ ਦੀਆਂ ਕਵੀਸ਼ਰੀ-ਜੁਗਤਾਂ | ਅਮਰਜੀਤ ਸਿੰਘ<br>ਡਾ. ਜੋਤੀ ਸ਼ਰਮਾ | 103-110 |

| ਲੜੀ ਨੰ. | ਸਿਰਲੇਖ | ਲੇਖਕ | ਪੰਨਾ |
|---|---|---|---|
| ਸਾਹਿਤ | | | |
| 11. | ਕਵਿਤਾਵਾਂ | ਡਾ.ਪਾਲ ਕੌਰ | 111-114 |
| 12. | ਧੀ ਦਾ ਕਰਜ਼ | ਸੁਰਿੰਦਰ ਗੀਤ | 115-123 |
| 13. | ਛੱਪੜ, ਖੇਤ ਤੇ ਘਰ: ਮੇਰਾ ਬਚਪਨ | ਨਿੰਦਰ ਘੁਗਿਆਣਵੀ | 124-136 |
| 14. | ਮੇਰੇ ਤਿੰਨ ਬਾਬੇ | ਜਸਪਾਲ ਮਾਨਖੇੜਾ | 137-154 |
| ਯਾਦਾਂ | | | |
| 15. | ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨਾਲ ਮੁਲਾਕਾਤ | ਜਿੰਦਰ | 155-190 |
| 16. | ਸਹਿਜ,ਸੰਜਮ ਅਤੇ ਸਿਰੜ ਦੀ ਤ੍ਰਿਵੈਣੀ ਡਾ. ਅਟਵਾਲ | ਡਾ. ਲਖਵਿੰਦਰ ਜੌਹਲ | 191-194 |
| ਅਨੁਵਾਦਿਤ ਸਾਹਿਤ | | | |
| 17. | ਜਹਾਜ਼ ਦਾ ਆਉਣਾ | ਖ਼ਲੀਲ ਜਿਬਰਾਨ<br>ਅਨੁਵਾਦਕ<br>ਰਵਿੰਦਰ ਸਿੰਘ ਸੋਢੀ | 195-207 |
| ਪੁਸਤਕ ਸਮੀਖਿਆ | | | |
| 19. | ਸੁਲਤਾਨਪੁਰ ਲੋਧੀ ਬਾਰੇ ਇੱਕ ਖੋਜ-ਭਰਪੂਰ ਅਤੇ ਬਹੁਮੁੱਲੀ ਪੁਸਤਕ 'ਸੁਲਤਾਨਪੁਰ ਲੋਧੀ: ਦੂਜਾ ਨਨਕਾਣਾ ਸਾਹਿਬ' | ਸਮੀਖਿਅਕ<br>ਪ੍ਰੋ. ਨਵ ਸੰਗੀਤ ਸਿੰਘ | 208-213 |

# ਸੰਪਾਦਕੀ

ਇਸ ਅੰਕ ਦੇ ਪ੍ਰਕਾਸ਼ਨ ਨਾਲ ਖੋਜਨਾਮਾ ਨੇ ਤੀਜੇ ਵਰ੍ਹੇ ਵਿੱਚ ਪ੍ਰਵੇਸ਼ ਕਰ ਲਿਆ ਹੈ। ਜਿਵੇਂ-ਜਿਵੇਂ ਖੋਜਨਾਮਾ ਦੇ ਪਾਠਕਾਂ ਦਾ ਘੇਰਾ ਵਸੀਹ ਹੁੰਦਾ ਜਾ ਰਿਹਾ ਹੈ, ਉਵੇਂ-ਉਵੇਂ ਹੀ ਬਤੌਰ ਸੰਪਾਦਕ ਮੈਨੂੰ ਖੁਸ਼ੀ ਦੇ ਨਾਲ-ਨਾਲ, ਮੇਰੇ ਮੋਢਿਆਂ ਦੇ ਭਾਰ ਵੱਧਣ ਦਾ ਅਹਿਸਾਸ ਵੀ ਬਾਖ਼ੂਬੀ ਹੋ ਰਿਹਾ ਹੈ। ਇਹ ਭਾਰ ਕਿਸੇ ਕਿਸਮ ਦੇ ਬਾਹਰੀ ਦਬਾਅ ਦਾ ਨਹੀਂ ਬਲਕਿ ਅੰਦਰੂਨੀ ਦਬਾਅ ਦਾ ਹੈ ਅਤੇ ਇਹ ਅੰਦਰੂਨੀ ਦਬਾਅ, ਹਰ ਵਾਰ ਦੀ ਤਰ੍ਹਾਂ ਮਿਆਰੀ ਅੰਕ ਪ੍ਰਕਾਸ਼ਿਤ ਕਰਨ ਦੀ ਜ਼ਿੰਮੇਵਾਰੀ ਦਾ ਹੈ। ਇਸ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਬਹੁਤ ਸਾਰੇ ਖੋਜੀਆਂ, ਵਿਦਵਾਨਾਂ ਦੇ ਖੋਜ ਪੱਤਰ ਅਤੇ ਲੇਖਕਾਂ ਦੀਆਂ ਰਚਨਾਵਾਂ ਖੋਜਨਾਮਾ ਵਿੱਚ ਸ਼ਾਮਿਲ ਨਾ ਕਰਨ ਕਰਕੇ, ਅਕਸਰ ਉਨ੍ਹਾਂ ਦੇ ਗੁੱਸੇ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ, ਕੋਈ ਸ਼ਿਫਾਰਸ਼ੀ ਹੋਣ ਦਾ ਫ਼ਤਵਾ ਦਿੰਦਾ ਹੈ ਅਤੇ ਕੋਈ ਹੰਕਾਰੀ ਹੋਣ ਦਾ ਤਗਮਾ। ਸੱਚੇ ਅਤੇ ਅਸੂਲੀ ਰਾਸਤੇ 'ਤੇ ਚੱਲਣਾ ਸਚਮੁੱਚ ਔਖਾ ਕਾਰਜ ਹੈ, ਪਰੰਤੂ ਖੋਜਨਾਮਾ ਦੀ ਸਮੁੱਚੀ ਟੀਮ ਮਿਆਰੀ ਖੋਜ ਅਤੇ ਸਾਹਿਤ ਦੇ ਪ੍ਰਕਾਸ਼ਨ ਲਈ ਵਚਨਬੱਧ ਹੈ।

ਇਸ ਵਚਨਬੱਧਤਾ ਤਹਿਤ ਇਸ ਅੰਕ ਵਿੱਚ ਸ਼ਾਮਲ ਦਸ ਖੋਜ-ਪੱਤਰ, ਪੰਜਾਬੀ ਸਾਹਿਤ ਦੇ ਵਿਭਿੰਨ ਪਹਿਲੂਆਂ ਨੂੰ ਉਜਾਗਰ ਕਰਦੇ ਹਨ। ਇਸ ਅੰਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਕਲਾਸੀਕਲ ਤੋਂ ਲੈ ਕੇ ਸਮਕਾਲੀ ਸਾਹਿਤ ਤੱਕ ਦਾ ਵਿਆਪਕ ਅਧਿਐਨ ਸ਼ਾਮਲ ਕੀਤਾ ਗਿਆ ਹੈ।

ਇਸ ਅੰਕ ਵਿੱਚ ਸ਼ਾਮਲ ਖੋਜ ਪੱਤਰ 'ਵਣਜਾਰਾ ਬੇਦੀ ਦੇ ਵਿਸ਼ਵਕੋਸ਼ ਦੀ ਨਿਰਮਾਣਕਾਰੀ', 'ਪ੍ਰਭਜੋਤ ਕੌਰ ਦੀ ਵਾਰਤਕ ਦਾ ਸੁਹਜ', ਅਤੇ 'ਸ੍ਰੀ ਗੁਰੂ ਰਾਮਦਾਸ ਜੀ ਦੀ 'ਗਉੜੀ ਕੀ ਵਾਰ' ਦੀ ਸਬੰਧਾਤਮਕਤਾ' ਜਿੱਥੇ ਸਾਹਿਤਕ ਅਤੇ ਧਾਰਮਿਕ ਖੋਜ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ।, ਉੱਥੇ ਹੀ 'ਗੁਸਤਾਖ਼ ਹਵਾ: ਸੁਰਤਿ ਤੇ ਸ਼ਬਦ ਦਾ ਆਤਮ ਸੰਵਾਦ', 'ਰਣਧੀਰ ਰਚਿਤ ਕਾਵਿ ਸੰਗ੍ਰਹਿ 'ਖ਼ਤ... ਜੋ ਲਿਖਣੋਂ ਰਹਿ ਗਏ' ਵਿਚ ਮਨੁੱਖੀ ਪਛਾਣ ਦੀ ਦਵੰਦਾਤਮਕ ਸਥਿਤੀ' ਅਤੇ ਵਨੀਤਾ ਕਾਵਿ: ਨਾਬਰੀ ਦਾ ਪ੍ਰਵਚਨ ਸਮਕਾਲੀ ਕਵਿਤਾ ਅਤੇ ਮਨੁੱਖੀ ਪਛਾਣ ਦੀ ਦਵੰਦਮਈ ਸਥਿਤੀ 'ਤੇ ਗਹਿਰਾ ਚਿੰਤਨ ਪੇਸ਼ ਕਰਦੇ ਹਨ।

ਪੰਜਾਬੀ ਵਿਰਾਸਤ ਦੀ ਸੰਭਾਲ ਅਤੇ ਆਧੁਨਿਕੀਕਰਨ ਵੀ ਇਸ ਅੰਕ ਦਾ ਮੁੱਖ ਧੁਰਾ ਹੈ। 'ਪੰਜਾਬੀ ਲੋਕ ਗੀਤਾਂ ਦੀ ਡਿਜ਼ੀਟਾਈਜੇਸ਼ਨ ਲੋੜ ਤੇ ਮਹੱਤਵ' ਅਤੇ 'ਲੋਕ-ਕਾਵਿ ਰੂਪ ਸਿੱਠਣੀ ਵਿੱਚ ਹਾਸ਼ੀਆਕ੍ਰਿਤ ਧਿਰਾਂ ਦੇ ਬਿੰਬ ਦੀ ਨਿਰਮਾਣਕਾਰੀ' ਰਾਹੀਂ ਵਿਰਾਸਤੀ

ਸੰਭਾਲ ਵਿੱਚ ਤਕਨੀਕੀ ਲੋੜ ਅਤੇ ਮਹੱਤਵ ਦੇ ਨਾਲ-ਨਾਲ ਸਮਾਜ ਦੇ ਅਣਗੌਲੇ ਪਹਿਲੂਆਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੀ ਜ਼ਰੂਰਤ 'ਤੇ ਜ਼ੋਰ ਦਿੰਦਿਆਂ ਮਹੱਤਵਪੂਰਨ ਪਹਿਲੂਆਂ ਦੀ ਪੜਤਾਲ ਕੀਤੀ ਗਈ ਹੈ। 'ਗੁਰਸ਼ਰਨ ਸਿੰਘ ਦੀਆਂ ਰੰਗਮੰਚੀ ਜੁਗਤਾਂ' ਅਤੇ ਕਵੀਸ਼ਰ ਜੋਗਾ ਸਿੰਘ ਜੋਗੀ ਦੀਆਂ ਕਵੀਸ਼ਰੀ-ਜੁਗਤਾਂ' ਖੋਜ ਪੱਤਰ ਪੰਜਾਬੀ ਰੰਗਮੰਚ ਅਤੇ ਕਵੀਸ਼ਰੀ ਦੀਆਂ ਪਰੰਪਰਾਗਤ ਅਤੇ ਵਿਅਕਤੀਗਤ ਜੁਗਤਾਂ ਦੀ ਪਛਾਣ ਕਰਦੇ ਹੋਏ, ਇਨ੍ਹਾਂ ਦੀ ਸਮਕਾਲੀ ਸੰਦਰਭ ਵਿੱਚ ਲੋੜ ਅਤੇ ਮਹੱਤਵ ਨੂੰ ਪੇਸ਼ ਕਰਦੇ ਹਨ।

ਇਸ ਅੰਕ ਵਿੱਚ ਸ਼ਾਮਲ ਸਿਰਜਣਾਤਮਕ ਸਾਹਿਤ ਵਜੋਂ ਸਾਹਿਤਯ ਆਕਦਮੀ ਅਵਾਰਡ ਜੇਤੂ ਕਵਿਤਰੀ ਪਾਲ ਕੌਰ ਦੀਆਂ ਕਵਿਤਾਵਾਂ, ਪਰਵਾਸੀ ਪੰਜਾਬੀ ਬਹੁ-ਵਿਧਾਈ ਲੇਖਿਕਾ ਸੁਰਿੰਦਰ ਗੀਤ ਦੀ ਕਹਾਣੀ "ਧੀ ਦਾ ਕਰਜ਼", ਪ੍ਰਸਿੱਧ ਪੰਜਾਬੀ ਲੇਖਕ ਨਿੰਦਰ ਘੁਗਿਆਣਵੀ ਅਤੇ ਜਸਪਾਲ ਮਾਨਖੇੜਾ ਦੇ ਸੰਸਮਰਣ ਸਮਕਾਲੀ ਪੰਜਾਬੀ ਸਾਹਿਤ ਦੇ ਬਹੁਪੱਖੀ ਪਸਾਰਾਂ ਨੂੰ ਦਰਸਾਉਂਦੇ ਹਨ। ਇਹ ਰਚਨਾਵਾਂ ਨਾ ਸਿਰਫ਼ ਸਾਡੇ ਸਮੇਂ ਦੇ ਸਮਾਜਿਕ ਯਥਾਰਥ ਨੂੰ ਦਰਸਾਉਂਦੀਆਂ ਹਨ, ਬਲਕਿ ਨਿੱਜੀ ਅਨੁਭਵਾਂ ਦੇ ਰਾਹੀਂ ਜੀਵਨ ਸੱਚ ਤੱਕ ਪਹੁੰਚਣ ਦਾ ਰਾਹ ਵੀ ਦਿਖਾਉਂਦੀਆਂ ਹਨ।

2025 ਵਰ੍ਹੇ ਦੌਰਾਨ ਪੰਜਾਬੀ ਮਾਂ ਬੋਲੀ ਦੇ ਵਿਹੜੇ ਵਿੱਚੋਂ ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਅਤੇ ਆਲੋਚਕ ਡਾ. ਹਰਜਿੰਦਰ ਸਿੰਘ ਅਟਵਾਲ ਦਾ ਤੁਰ ਜਾਣਾ ਬੇਹੱਦ ਦੁਖਦਾਈ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਇਨ੍ਹਾਂ ਦਾ ਦੁਆਰਾ ਪਾਇਆ ਯੋਗਦਾਨ ਕਾਬਿਲ-ਏ-ਤਾਰੀਫ਼ ਹੈ। ਇਸ ਲਈ ਇਨ੍ਹਾਂ ਦੋਨਾਂ ਮਹਾਨ ਸਖ਼ਸ਼ੀਅਤਾਂ ਨੂੰ ਸ਼ਰਧਾਂਜ਼ਲੀ ਵਜੋਂ ਇਨ੍ਹਾਂ ਦੀ ਸਾਹਿਤਕ ਅਤੇ ਦੁਨਿਆਵੀ ਜੀਵਨ ਸ਼ੈਲੀ 'ਤੇ ਰੌਸ਼ਨੀ ਪਾਉਂਦੀਆਂ ਦੋ ਰਚਨਾਵਾਂ ਕ੍ਰਮਵਾਰ 'ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨਾਲ ਮੁਲਾਕਾਤ' ਅਤੇ 'ਸਹਿਜ,ਸੰਜਮ ਅਤੇ ਸਿਰੜ ਦੀ ਤ੍ਰਿਵੈਣੀ ਡਾ. ਅਟਵਾਲ' ਨੂੰ ਇਸ ਅੰਕ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਖ਼ਲੀਲ ਜਿਬਰਾਨ ਦੀ ਰਚਨਾ "ਜਹਾਜ਼ ਦਾ ਆਉਣਾ" ਦਾ ਪੰਜਾਬੀ ਅਨੁਵਾਦ ਇਸ ਗੱਲ ਦਾ ਪ੍ਰਮਾਣ ਹੈ ਕਿ ਪੰਜਾਬੀ ਸਾਹਿਤ ਵਿਸ਼ਵ ਸਾਹਿਤ ਨਾਲ ਨਿਰੰਤਰ ਸੰਵਾਦ ਰਚਾ ਰਿਹਾ ਹੈ। ਰਵਿੰਦਰ ਸਿੰਘ ਸੋਢੀ ਦੇ ਇਸ ਅਨੁਵਾਦ ਨੇ ਜਿਬਰਾਨ ਦੇ ਦਰਸ਼ਨਿਕ ਵਿਚਾਰਾਂ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਇਆ ਹੈ।

ਅੰਤ ਵਿੱਚ, ਸੁਲਤਾਨਪੁਰ ਲੋਧੀ ਬਾਰੇ ਇੱਕ ਖੋਜ-ਭਰਪੂਰ ਅਤੇ ਬਹੁਮੁੱਲੀ ਪੁਸਤਕ 'ਸੁਲਤਾਨਪੁਰ ਲੋਧੀ: ਦੂਜਾ ਨਨਕਾਣਾ ਸਾਹਿਬ' ਦੀ ਸਮੀਖਿਆ ਸ਼ਾਮਿਲ ਕੀਤੀ ਗਈ ਹੈ

ਜੋ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਪੰਜਾਬੀ ਸਾਹਿਤ ਸਿਰਫ਼ ਕਲਪਨਾ ਅਤੇ ਕਲਾ ਤਕ ਸੀਮਿਤ ਨਹੀਂ ਹੈ, ਬਲਕਿ ਇਤਿਹਾਸ, ਭੂਗੋਲ ਅਤੇ ਸੱਭਿਆਚਾਰ ਦੇ ਖੇਤਰਾਂ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ।

ਮੈਂ ਇਸ ਉਮੀਦ ਨਾਲ ਇਸ ਅੰਕ ਨੂੰ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ ਕਿ ਇਹ ਪਾਠਕਾਂ ਦੀਆਂ ਆਸਾਂ ਅਤੇ ਉਮੀਦਾਂ 'ਤੇ ਖ਼ਰਾ ਉੱਤਰੇਗਾ। ਸਾਨੂੰ ਤੁਹਾਡੇ ਬਹੁਮੁੱਲੇ ਸੁਝਾਵਾਂ ਦੀ ਉਡੀਕ ਰਹੇਗੀ।

ਧੰਨਵਾਦ ਸਹਿਤ।।

ਸੰਪਾਦਕ



'ਖੋਜਨਾਮਾ' ਅੰਤਰ-ਰਾਸ਼ਟਰੀ ਚੌਮਾਸਿਕ ਪੰਜਾਬੀ ਪੀਅਰ-ਰੀਵਿਊਡ/ਰੈਫ਼ਰੀਡ (Peer Reviewed/ Refereed) ਸਾਹਿਤਕ ਅਤੇ ਖੋਜ ਜਰਨਲ ਹੈ। ਖੋਜਨਾਮਾ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ, ਲੋਕਧਾਰਾ, ਅਨੁਵਾਦ ਅਤੇ ਆਲੋਚਨਾ ਆਦਿ ਖੇਤਰਾਂ ਵਿੱਚ ਖੋਜ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ, ਪੰਜਾਬੀ ਸਾਹਿਤ ਖੇਤਰ ਵਿੱਚ ਸਥਾਪਿਤ ਅਤੇ ਨਵੇਂ ਸਹਿਤਕਾਰਾਂ ਦੀਆਂ ਰਚਨਾਵਾਂ ਨੂੰ ਜਨ-ਸਮੂਹ ਤੱਕ ਪਹੁੰਚਾਉਣ ਦੇ ਉਪਰਾਲੇ ਵਜੋਂ ਸ਼ੁਰੂ ਕੀਤਾ ਗਿਆ ਹੈ। ਇਸ ਦਾ ਉਦੇਸ਼ ਮੁਨਾਫ਼ਾ ਕਮਾਉਣਾ ਬਿਲਕੁਲ ਵੀ ਨਹੀਂ ਹੈ, ਇਹ ਨਿਰੋਲ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਜੁੜੀਆਂ ਗਤੀਵਿਧੀਆਂ ਨੂੰ ਸਮਰਪਿਤ ਜਰਨਲ ਹੈ। ਖੋਜਨਾਮਾ ਦਾ ਆਪਣਾ ਇੱਕ ਸੰਪਾਦਕੀ ਬੋਰਡ ਹੈ, ਜਿਸ ਵਿੱਚ ਵੱਖ-ਵੱਖ ਦੇਸ਼ਾਂ ਤੋਂ ਪੰਜਾਬੀ ਸਾਹਿਤ ਅਤੇ ਖੋਜ ਖੇਤਰ ਦੀਆਂ ਨਾਮੀ ਸਖਸ਼ੀਅਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ। 'ਖੋਜਨਾਮਾ' ਵਿੱਚ ਖੋਜ ਪੱਤਰ/ਸਾਹਿਤਕ ਰਚਨਾਵਾਂ ਛਪਣ ਤੋਂ ਪਹਿਲਾਂ ਇੱਕ ਮੁਕੰਮਲ ਪ੍ਰਕਿਰਿਆ ਵਿੱਚੋਂ ਗੁਜ਼ਰਦੀਆਂ ਹਨ, ਜਿਸ ਅਨੁਸਾਰ ਪ੍ਰਾਪਤ ਖੋਜ ਪੱਤਰਾਂ/ਸਾਹਿਤਕ ਰਚਨਾਵਾਂ ਨੂੰ ਸੰਬੰਧਿਤ ਵਿਸ਼ਾ ਮਾਹਿਰਾਂ ਕੋਲ ਪਰਖ਼ ਲਈ ਭੇਜਿਆ ਜਾਂਦਾ ਹੈ ਅਤੇ ਵਿਸ਼ਾ ਮਾਹਿਰਾਂ ਦੀਆਂ ਸਿਫਾਰਸ਼ਾਂ ਦੇ ਅਧਾਰ 'ਤੇ ਹੀ ਖੋਜ ਪੱਤਰਾਂ/ਸਾਹਿਤਕ ਰਚਨਾਵਾਂ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਜਾਂ ਫਿਰ ਵਾਪਸ ਲੇਖਕ ਕੋਲ ਸੁਧਾਈ ਲਈ ਭੇਜ ਦਿੱਤਾ ਜਾਂਦਾ ਹੈ। ਇਸ ਪ੍ਰਕਾਰ 'ਖੋਜਨਾਮਾ' ਦਾ ਉਦੇਸ਼ ਮੌਲਿਕ ਸਾਹਿਤ ਅਤੇ ਮਿਆਰੀ ਖੋਜ ਨੂੰ ਪ੍ਰਫੁਲਤ ਕਰਨਾ ਹੈ।

ਸੰਪਾਦਕ


www.khojnama.com
khojnamapb03@gmail.com
+91 98776-61770